# ਗੁਰਮੁਖਿ ਪਾਵੈ ਕੋਇ

ਸਲੋਕੁ ਮਃ ੩ ॥

ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ ॥

ਵਾਹੁ ਵਾਹੁ ਅਗਮ ਅਥਾਹੁ ਹੈ ਵਾਹੁ ਵਾਹੁ ਸਚਾ ਸੋਇ ॥

ਇਹ ਸ਼ਬਦ ਸ੍ਰੀ ਗੁਰੂ ਅਮਰਦਾਸ ਸਾਹਿਬ ਨੇ ਉਚਾਰਣ ਕੀਤਾ ਹੈ ਜੋ ਗੂਜਰੀ ਕੀ ਵਾਰ ਵਿਚ ੧੮ਵੀਂ ਪਉੜੀ ਦੇ ਨਾਲ ਪਹਿਲਾ ਸਲੋਕ ਹੈ ਅਤੇ ਪੰਨਾ ੫੧੫ ਤੇ ਦਰਜ ਹੈ।

ਇਸ ਸ਼ਬਦ ਵਿਚ ਸ੍ਰੀ ਗੁਰੂ ਅਮਰਦਾਸ ਸਾਹਿਬ ਦਾ ਫ਼ੁਰਮਾਣ ਹੈ ਕਿ 'ਵਾਹ ਵਾਹ..' ਦੀ ਬਾਣੀ, ਧੁਨੀ, ਭਾਵ ਅਨਹਦ ਸ਼ਬਦ, 'ਨਿਰੰਕਾਰ' ਦਾ ਹੀ ਧੁਨੀ ਸਰੂਪ ਹੈ। ਇਹ 'ਵਾਹ' ਸ਼ਬਦ ਅਨਹਦ ਧੁਨੀ ਦੀ ਪ੍ਰਤੀਨਿਧਤਾ ਕਰਦਾ ਹੈ। ਸਾਡੇ ਲਈ ਇਸ ਧੁਨੀ ਤਕ ਪੁਜਣ ਦਾ ਅਮਲ, 'ਵਾਹ ਵਾਹ..', ਭਾਵ, 'ਵਾਹਗੁਰੂ ਵਾਹਗੁਰੂ...' ਕਰਨ ਤੋਂ ਸ਼ੁਰੂ ਹੁੰਦਾ ਹੈ। ਇਹੀ ਸਿਮਰਣ ਦਾ ਅਰੰਭ ਹੈ। ਸਿਮਰਣ, ਇਸ ਧੁਨੀ ਤਕ ਪੁਜ ਕੇ ਹੀ ਮੁਕੰਮਲ ਹੁੰਦਾ ਹੈ।

-- ਨਿਰੰਕਾਰ ਪ੍ਰਤੀ 'ਵਾਹ ਵਾਹ..' ਕਰਨੀ, ਭਾਵ, ਉਸ ਦੀ ਸਿਫ਼ਤ ਸਲਾਹ ਕਰਨ ਦੇ ਤੁਲ, ਹੋਰ ਕੋਈ ਕੰਮ ਵੀ, ਇਸ ਕੰਮ ਤੋਂ ਵਡਾ ਨਹੀਂ। 'ਵਾਹ ਵਾਹ..' ਦੀ ਧੁਨੀ ਨਿਰੰਕਾਰ ਦਾ ਹੀ, ਧੁਨੀ ਸਰੂਪ ਹੈ। ਜੋ ਸਭ ਪਾਸੇ ਵਿਦਮਾਨ ਹੈ।

-- ਉਹ ਜੋ 'ਵਾਹ ਵਾਹ' ਹੈ, ਭਾਵ, ਜਿਸ ਦੀ ਮਹਿਮਾ ਕਹੀ ਨਹੀਂ ਜਾ ਸਕਦੀ, ਉਹ ਅਜਬ ਪ੍ਰਭੂ, ਅਪਹੁੰਚ ਹੈ, ਉਸ ਦਾ ਥਾਹ, ਭਾਵ, ਅੰਤ ਨਹੀਂ ਪਾਇਆ ਜਾ ਸਕਦਾ ਅਤੇ ਉਹ 'ਵਾਹ ਵਾਹ', ਅਜਬ ਪ੍ਰਭੂ, ਹੀ ਸਦਾ ਥਿਰ ਰਹਿਣ ਵਾਲਾ ਹੈ।

ਪੰਜਾਬੀ ਭਾਸ਼ਾ ਵਿਚ 'ਵਾਹ' ਸ਼ਬਦ, ਤਦ ਵਰਤਿਆ ਜਾਂਦਾ ਹੈ, ਜਦੋਂ ਕਿਸੇ ਦੀ ਅਸੀਮ ਵਡਿਆਈ ਕਰਨੀ, ਸਾਡੀ ਸਮਰਥਾ ਤੋਂ ਬਾਹਰ ਹੋ ਜਾਏ। ਇਹ 'ਵਾਹ' ਕੋਈ ਸ਼ਬਦ ਨਹੀਂ ਹੁੰਦਾ, ਅਸਲ ਵਿਚ ਇਕ ਧੁਨੀ ਹੀ ਹੁੰਦੀ ਹੈ, ਕਿਉਂਕਿ

ਸ਼ਬਦਾਂ ਵਿਚ ਅਸੀਮ ਦਾ ਪ੍ਰਗਟਾਅ ਅਸੰਭਵ ਹੈ। ਅੰਗ੍ਰੇਜ਼ੀ ਵਿਚ ਇਸ ਧੁਨੀ ਦੀ ਪ੍ਰਤੀਨਿਧਤਾ '**wow**' ਕਰਦਾ ਹੈ ਅਤੇ ਇਹ ਵੀ ਇਕ ਧੁਨੀ ਹੀ ਹੈ। ਚੌਥੇ ਪਾਤਸ਼ਾਹ ਬਚਨ ਕਰਦੇ ਹਨ ਕਿ ਉਸ ਗੁਰੂ/ਪ੍ਰਭੂ ਦੇ ਗੁਣ ਇਤਨੇ ਜ਼ਿਆਦਾ ਹਨ ਕਿ ਮੁਕਮੰਲ ਤੌਰ ਤੇ ਬਿਆਨ ਹੀ ਨਹੀਂ ਹੋ ਸਕਦੇ - 'ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾ ਤੂ ਸਾਹਿਬ ਗੁਣੀ ਨਿਧਾਨਾ।। ਤੁਮਰੀ ਮਹਿਮਾ ਬਰਨਿ ਨ ਸਾਕਉ ਤੂੰ ਠਾਕੁਰ ਊਚ ਭਗਵਾਨਾ।।' ਇਸੇ ਲਈ ਇਹੀ ਅਸਮਰੱਥਾ ਜਤਾਉਂਦੇ ਹੋਏ ਉਸ ਦੇ ਗੁਣਾਂ ਦਾ ਬਖਾਨ ਕਰਣ ਲਈ, ਧੁਨੀ ਰੂਪ ਸ਼ਬਦ, 'ਵਾਹ ਵਾਹ...' ਵਰਤ ਲਿਆ ਗਿਆ, ਜਿਸ ਨਾਲ ਵਿਸਮਾਦ ਦੀ ਸਥਿਤੀ ਵਿਅਕਤ ਹੋ ਜਾਂਦੀ ਹੈ।

ਸ੍ਰੀ ਗੁਰੂ ਨਾਨਕ ਸਾਹਿਬ ਅਨੁਸਾਰ, ਇਹ, ਬਿਨਾਂ ਆਹਤ ਵਾਲਾ, ਇਹ ਅਨਹਦ ਸ਼ਬਦ Sound produced without external force, ਸੁਹਾਵਣਾ ਹੈ ਤੇ ਗੁਰ ਵਿਚਾਰ ਨਾਲ, ਭਾਵ ਵਾਹਗੁਰੂ ਵਾਹਗੁਰੂ.. ਕਰਕੇ, ਭਾਵ ਨਾਮ ਜਪ ਕੇ ਪ੍ਰਾਪਤ ਹੁੰਦਾ ਹੈ। ਇਸਦੇ ਪ੍ਰਾਪਤ ਕਰਨ ਨਾਲ ਹਉਮੈ ਦਾ ਨਾਸ ਹੋ ਜਾਂਦਾ ਹੈ - 'ਅਨਹਦ ਸਬਦਿ ਸੁਹਾਵਣੇ ਪਾਈਐ ਗੁਰ ਵੀਚਾਰਿ।। ਅਨਹਦ ਬਾਣੀ ਪਾਈਐ ਤਹ ਹਉਮੈ ਹੋਇ ਬਿਨਾਸੁ।।' 'ਅਨਹਦ' ਦਾ ਅਰਥ, ਉਹ ਧੁਨੀ ਹੈ ਜੋ ਬਿਨਾਂ ਕਿਸੇ ਦੇ ਵਜਾਏ, ਉਤਪੰਨ ਹੋਈ ਹੈ, ਅਤੇ ਹਰ ਥਾਂ ਅਤੇ ਬਿਨਾਂ ਥਾਂ ਤੋਂ ਵੀ, ਵਿਦਮਾਨ ਹੈ। **ਇਹੀ 'ਵਾਹ' ਬ੍ਰਹਮ ਵੀ ਹੈ, ਗੁਰੂ ਵੀ ਹੈ ਅਤੇ ਉਸਦੀ ਪ੍ਰਾਪਤੀ ਦਾ ਮਾਰਗ ਵੀ।**

ਇਸ ਧੁਨੀ ਤਕ ਪੁਜਣ ਲਈ ਸਾਨੂੰ, ਸ੍ਰੀ ਗੁਰੂ ਨਾਨਕ ਸਾਹਿਬ ਨੇ, ਇਹੀ 'ਵਾਹ' ਦੀ ਧੁਨੀ ਦਿਤੀ ਹੈ। ਇਕ ਵੇਰ ਉਸ ਨੂੰ 'ਵਾਹ' ਕਹਿ ਦੇਣ ਨਾਲ, ਪ੍ਰਭੂ ਦੇ ਸਾਰੇ ਗੁਣ ਕਹੇ ਜਾਂਦੇ ਹਨ; ਉਹ ਜੋ ਸਾਨੂੰ ਪਤਾ ਹਨ, ਉਹ ਵੀ; ਉਹ ਜੋ ਸਾਨੂੰ ਨਹੀਂ ਪਤਾ, ਉਹ ਵੀ। ਮਿਸਾਲ ਦੇ ਤੌਰ ਤੇ, ਜੇ ਖੀਰ ਡਾਢੀ ਸੁਆਦ ਲਗੇ ਤਾਂ ਕੋਈ ਇਹ ਕਹਿ ਕੇ ਖੀਰ ਦੀ ਸਿਫ਼ਤ ਨਹੀਂ ਕਰਦਾ ਕਿ ਖੀਰ ਵਿਚ ਚੌਲ ਸੋਹਣੇ ਗਲ ਗਏ ਹਨ, ਸੋਹਣੀ ਰਬੜੀ ਬਣ ਗਈ ਹੈ, ਮਿਠਾ ਬਹੁਤ ਵਧੀਆ ਪਿਆ ਹੈ, ਕਾਜੂ ਬਦਾਮ ਨੇ ਸੁਆਦ ਵਧਾ ਦਿਤਾ ਹੈ, ਲਾਚੀ ਬੜੀ ਚੰਗੀ ਰਲੀ ਹੈ, ਇਤ ਆਦਿ। ਇਕੋ ਇਹ ਧੁਨੀ ਸਾਰੇ ਗੁਣ ਸਮੇਟ ਲੈਂਦੀ ਹੈ, ਉਹ ਹੈ '**ਵਾਹ**' ਭਈ '**ਵਾਹ**'। ਇਤਨਾ ਕਹਿਣ ਨਾਲ, ਪਹਿਲਾਂ ਦੇ ਸਾਰੇ ਦਸੇ ਹੋਏ ਗੁਣ ਵਿਚੇ ਆ ਗਏ, ਨਾਲੇ ਸੁਣਨ ਵਾਲੇ ਨੂੰ ਵੀ ਸੁਆਦ ਵੀ ਆ ਗਿਆ ਤੇ ਬਣਾਉਣ ਵਾਲੇ ਦਾ

ਧੰਨਵਾਦ ਵੀ ਵਿਚੇ ਆ ਗਿਆ। ਇਸੇ ਤਰ੍ਹਾਂ ਉਸ ਗੁਰੂ ਨੂੰ ਵੀ ਵਾਰ ਵਾਰ 'ਵਾਹ ਵਾਹ' ਕਹਿਣ ਨਾਲ ਉਸਦੇ ਸਾਰੇ ਗੁਣ ਵੀ ਗਾਏ ਗਏ, ਉਸ ਦਾ ਧੰਨਵਾਦ ਵੀ ਹੋ ਗਿਆ ਤੇ ਵਿਸਮਾਦ ਦੀ ਅਵੱਸਥਾ ਵੀ, ਕੁਝ, ਪੈਦਾ ਹੋ ਗਈ। ਕਿਥੇ ਅਸੀਂ, ਉਸ ਦੇ ਅਨੇਕਾਂ ਗੁਣ ਲਭੀ ਜਾਈਏ, ਸਾਡੀ ਮਤ ਹੌਲੀ ਹੈ, ਜਿਹਵਾ ਮੋਟੀ ਹੈ, ਇਸ ਲਈ 'ਵਾਹ ਵਾਹ..' ਦੀ ਧੁਨੀ ਲਾ ਲਈਏ, ਸਭ ਕੁਝ 'ਵਾਹ' ਹੀ ਹੋ ਜਾਏਗਾ। ਸ੍ਰੀ ਗੁਰੂ ਅਰਜਨ ਸਾਹਿਬ ਫ਼ੁਰਮਾਣ ਕਰਦੇ ਹਨ ਕਿ ਉਸ ਨੂੰ ਕਿਸੇ ਦੀ ਮੁਥਾਜਗੀ ਨਹੀਂ, ਉਹ ਬੇਪਰਵਾਹ ਹੈ, ਬਸ, ਉਸ ਗੁਰ ਨੂੰ 'ਵਾਹ' ਹੀ ਕਹੀਏ - 'ਵੇਮੁਹਤਾਜੁ ਵੇਪਰਵਾਹੁ।। ਨਾਨਕ ਦਾਸ ਕਹਹੁ ਗੁਰ ਵਾਹੁ।।', ਪੰਨਾ ੩੭੬.

ਵਾਹੁ ਵਾਹੁ ਵੇਪਰਵਾਹੁ ਹੈ ਵਾਹੁ ਵਾਹੁ ਕਰੇ ਸੁ ਹੋਇ ॥

ਵਾਹੁ ਵਾਹੁ ਅੰਮ੍ਰਿਤ ਨਾਮੁ ਹੈ ਗੁਰਮੁਖਿ ਪਾਵੈ ਕੋਇ ॥

-- ਉਹ, ਜੋ ਵਾਹ ਹੈ, ਅਜਬ ਹੈ, ਉਹ ਗੁਰੂ/ਪ੍ਰਭੂ ਬੇਪਰਵਾਹ ਹੈ ਅਤੇ ਜੋ ਵੀ ਉਹ ਕਰਦਾ ਹੈ, ਉਹੀ ਹੁੰਦਾ ਹੈ, ਹੋਰ ਕਿਸੇ ਦੇ ਕੀਤਿਆਂ ਕੁਝ ਨਹੀਂ ਹੁੰਦਾ, ਉਹੀ ਹੀ ਤਾਂ ਕਰਤਾ ਹੈ।

ਚੌਥੇ ਪਾਤਸ਼ਾਹ ਨੂੰ ਸੰਬੋਧਨ ਕਰਦਿਆਂ, ਭੱਟ ਗਯੰਦ ਜੀ, ਪੰਨਾ ੧੪੦੩ ਤੇ, ਫ਼ੁਰਮਾਣ ਕਰਦੇ ਹਨ ਕਿ ਹੇ ਗੁਰੂ ਰਾਮਦਾਸ ! ਤੇਰਾ ਇਹ ਜਗਤ, ਤੇਰਾ ਬੜਾ ਵਡਾ ਤਮਾਸ਼ਾ ਹੈ, ਤੂੰ ਆਪ ਹੀ ਇਸ ਨੂੰ ਵੇਖ ਕੇ ਖੁਸ਼ ਹੁੰਦਾ ਹੈਂ, ਤੂੰ ਹੀ ਚੰਨ ਅਤੇ ਸੂਰਜ ਨੂੰ ਪ੍ਰਕਾਸ਼ ਦੇ ਰਿਹਾ ਹੈਂ, ਤੂੰ ਆਪ ਹੀ ਜਲ ਹੈਂ ਆਪ ਹੀ ਥਲ ਹੈਂ, ਤੂੰ, ਆਪ ਹੀ ਉਸ ਨੂੰ ਥੰਮਿਆ ਹੋਇਆ ਹੈ ਅਤੇ ਆਪ ਹੀ ਉਸ ਵਿਚ ਸਮਾਇਆ ਹੋਇਆ ਹੈਂ - 'ਵਾਹੁ ਵਾਹੁ ਕਾ ਬਡਾ ਤਮਾਸਾ।। ਆਪੇ ਹਸੈ ਆਪਿ ਹੀ ਚਿਤਵੈ ਆਪੇ ਚੰਦੁ ਸੂਰੁ ਪਰਗਾਸਾ।। ਆਪੇ ਜਲੁ ਆਪੇ ਥਲੁ ਥੰਮ੍ਹ੍ਨ ਆਪੇ ਕੀਆ ਘਟਿ ਘਟਿ ਬਾਸਾ।। ਆਪੇ ਨਰੁ ਆਪੇ ਫੁਨਿ ਨਾਰੀ ਆਪੇ ਸਾਰਿ ਆਪ ਹੀ ਪਾਸਾ।।' ਫ਼ਿਰ, ਅਗੋਂ, ਉਪਦੇਸ਼ ਦਿਤਾ ਹੈ ਕਿ ਸਾਰੇ, ਗੁਰਮੁਖਾਂ, ਸਾਧੂ ਜਨਾਂ ਦੀ ਸੰਗਤਿ ਕਰਦੇ ਹੋਏ ਉਸਦਾ ਧਿਆਨ ਧਰੋ, ਭਾਵ ਨਾਮ ਜਪੋ - 'ਗੁਰਮੁਖਿ ਸੰਗਤਿ ਸਭੈ ਬਿਚਾਰਹੁ ਵਾਹੁ ਵਾਹੁ ਕਾ ਬਡਾ ਤਮਾਸਾ।।' **ਇਨ੍ਹਾਂ ਪੰਕਤੀਆਂ ਵਿਚ 'ਵਾਹ', ਬ੍ਰਹਮ, ਪ੍ਰਭੂ ਹੈ।**

ਗੁਰਬਾਣੀ ਵਿਚ 'ਵਾਹ', ਗੁਰੂ/ਸਾਧੂ ਲਈ ਵੀ ਵਰਤਿਆ ਗਿਆ ਹੈ ਜੋ ਪ੍ਰਭੂ ਤਕ ਪੁਜਣ ਦਾ ਮਾਰਗ ਵੀ ਦਿਖਾਉਂਦਾ ਹੈ, ਗੁਰ ਮੰਤਰ ਬਖ਼ਸ਼ ਕੇ, ਅਨਹੱਤ ਸ਼ਬਦ ਤਕ ਪੁਜਣ ਦਾ ਸਫ਼ਰ ਕਰਵਾਉਂਦਾ ਹੈ ਅਤੇ ਪ੍ਰਭੂ ਨਾਲ ਮੇਲ ਵੀ ਉਹੀ ਕਰਾਉਂਦਾ ਹੈ। ਇਸ ਤੋਂ ਵਧ, ਕੋਈ ਹੋਰ ਬਖਸ਼ਿਸ਼ ਹੋ ਹੀ ਨਹੀਂ ਸਕਦੀ। ਇਸ ਲਈ ਉਸ ਨੂੰ ਵੀ 'ਵਾਹ ਵਾਹ..' ਕਹਿਣਾ ਬਣਦਾ ਹੈ। ਸ੍ਰੀ ਗੁਰੂ ਨਾਨਕ ਸਾਹਿਬ ਨੇ, ਪੰਨਾ ੨੨੬ ਤੇ, ਇਹ ਸਚਾਈ ਬਿਲਕੁਲ ਸਪੱਸ਼ਟ ਕਰ ਦਿਤੀ ਹੈ - 'ਤਿਸ ਕਉ ਵਾਹੁ ਵਾਹੁ ਜਿ ਵਾਟ ਦਿਖਾਵੈ।। ਤਿਸ ਕਉ ਵਾਹੁ ਵਾਹੁ ਜਿ ਸਬਦੁ ਸੁਣਾਵੈ।। ਤਿਸ ਕਉ ਵਾਹੁ ਵਾਹੁ ਜਿ ਮੇਲਿ ਮਿਲਾਵੈ।।' ਸ੍ਰੀ ਗੁਰੂ ਰਾਮਦਾਸ ਪਾਤਸ਼ਾਹ, ਪੰਨਾ ੧੨੦੧ ਤੇ, ਅਜਿਹੇ ਹੀ ਮਾਰਗ ਦਿਖਾਉਣ ਵਾਲੇ ਸੰਤ ਨੂੰ, ਹਰੀ ਦੇ ਜਨ, ਸੰਤ ਨੂੰ, ਇਹੀ ਬੇਨਤੀ ਕਰ ਰਹੇ ਹਨ ਅਤੇ ਉਸ ਦੇ ਚਰਣ, ਮਲ ਮਲ ਕੇ, ਧੋਣ ਦੀ ਇਛਾ ਜ਼ਾਹਿਰ ਕੀਤੀ ਹੈ - 'ਕੋਈ ਆਵੈ ਸੰਤੋ ਹਰਿ ਕਾ ਜਨੁ ਸੰਤੋ ਮੇਰਾ ਪ੍ਰੀਤਮ ਜਨੁ ਸੰਤੋ ਮੋਹਿ ਮਾਰਗ ਦਿਖਲਾਵੈ।। ਤਿਸੁ ਜਨ ਕੇ ਹਉ ਮਲਿ ਮਲਿ ਧੋਵਾ ਪਾਉ।।'

ਪੰਜਵੇਂ ਪਾਤਸ਼ਾਹ ਨੇ, ਪੰਨਾ ੧੦੯੮ ਤੇ, ਸੰਤ ਗੁਰੂ ਨੂੰ ਅਜਿਹੀ ਹੀ ਬੇਨਤੀ ਕੀਤੀ ਹੈ ਕਿ ਮੈਨੂੰ ਪ੍ਰਭੂ ਮਿਲਾਪ ਦਾ ਮਾਰਗ ਦਸ ਦਿਓ, ਮੈਂ, ਆਪਣੀ '**ਮੈਂ**' ਛੱਡ ਕੇ ਤੁਹਾਨੂੰ ਆਪਣਾ ਮਨ ਅਰਪਣ ਕਰ ਦਿਆਂ ਅਤੇ ਤੁਹਾਡੇ ਦਸੇ ਮਾਰਗ ਤੇ ਹੀ ਚਲਦਾ ਰਹਾਂ - 'ਮੈ ਦਸਿਹੁ ਮਾਰਗੁ ਸੰਤਹੋ ਕਿਉ ਪ੍ਰਭੂ ਮਿਲਾਈਆ।। ਮਨੁ ਅਰਪਿਹੁ ਹਉਮੈ ਤਜਹੁ ਇਤੁ ਪੰਥਿ ਜੁਲਾਈਆ।।'

ਅਗੇ ਚਲ ਕੇ, 'ਵਾਹ' ਦਾ ਬਿਆਨ ਪ੍ਰਾਪਤੀ ਦੇ ਮਾਰਗ ਵਜੋਂ ਵੀ ਆਏਗਾ।

-- ਹੁਣ ਸਪੱਸ਼ਟ ਕਰ ਦਿਤਾ ਹੈ ਕਿ ਉਸ ਦੀ ਸਿਫ਼ਤ ਸਲਾਹ ਕਰਨਾ, 'ਵਾਹ ਵਾਹ..' ਕਰਨਾ, ਭਾਵ 'ਵਾਹਗੁਰੂ ਵਾਹਗੁਰੂ...' ਜਪਣਾ ਹੀ ਉਸ ਦਾ ਅੰਮ੍ਰਿਤ-ਮਈ ਨਾਮ ਹੈ ਪਰ ਇਸ ਅੰਮ੍ਰਿਤ-ਮਈ ਨਾਮ ਦੀ ਪ੍ਰਾਪਤੀ, ਕਿਸੇ ਵਿਰਲੇ ਨੂੰ ਹੀ, ਗੁਰੂ ਵਾਲੇ ਹੋ ਕੇ ਭਾਵ ਗੁਰੂ-ਅਨੁਸਾਰੀ ਹੋ ਕੇ, ਭਾਵ, **ਗੁਰੂ ਦੇ ਹਰ ਇਸ਼ਾਰੇ, ਹਰ ਹੁਕਮ ਨੂੰ ਮੰਨ ਕੇ** ਹੀ ਹੁੰਦੀ ਹੈ।

ਸ੍ਰੀ ਗੁਰੂ ਅਮਰਦਾਸ ਪਾਤਸ਼ਾਹ ਵੀ ਅਜਿਹਾ ਹੀ ਬਚਨ ਕਰਦੇ ਹਨ ਕਿ ਨਾਮ ਰੂਪੀ ਅੰਮ੍ਰਿਤ ਤਾਂ, ਸਹਜਿ ਸੁਭਾਏ, ਹਰ ਪਾਸੇ ਵਰਸ ਰਿਹਾ ਹੈ, ਭਾਵ, ਇਹ ਧੁਨੀ ਤਾਂ ਸਭ ਪਾਸੇ ਮੌਜੂਦ ਹੈ ਪਰ ਕੋਈ ਵਿਰਲਾ, ਗੁਰੂ ਅਨੁਸਾਰੀ ਹੋ ਕੇ ਹੀ, ਇਹ

ਦਾਤ ਪ੍ਰਾਪਤ ਕਰਦਾ ਹੈ - 'ਅੰਮ੍ਰਿਤੁ ਵਰਸੈ ਸਹਜਿ ਸੁਭਾਏ।। ਗੁਰਮੁਖਿ ਵਿਰਲਾ ਕੋਈ ਜਨੁ ਪਾਏ।।' ਕਿਉਂਕਿ, ਸ੍ਰੀ ਗੁਰੂ ਰਾਮਦਾਸ ਸਾਹਿਬ ਅਨੁਸਾਰ, ਗੁਰੂ ਅਨੁਸਾਰੀ ਕੋਈ ਵਿਰਲਾ ਹੀ ਹੋ ਸਕਦਾ ਹੈ - '... ਕੋ ਵਿਰਲਾ ਗੁਰਮਤਿ ਚਲੈ ਜੀਉ।।' ਪੰਨਾ ੯੪.

ਤੀਜੇ ਪਾਤਸ਼ਾਹ ਸਪੱਸ਼ਟ ਰੂਪ ਵਿਚ ਦਸਦੇ ਹਨ ਕਿ 'ਵਾਹ ਵਾਹ' ਕਰਨਾ, ਭਾਵ, 'ਵਾਹਗੁਰੂ ਵਾਹਗੁਰੂ...' ਕਰਨਾ ਪ੍ਰਭੂ ਦੀ ਸਿਫ਼ਤ ਸਲਾਹ ਹੈ, ਇਹ ਰਾਜ਼ ਕੋਈ ਵਿਰਲਾ ਹੀ, ਗੁਰੂ ਦੇ ਮਾਰਗ ਦਾ ਅਨੁਸਰਣ ਕਰਣ ਨਾਲ, ਬੁਝਦਾ ਹੈ - '**ਵਾਹੁ ਵਾਹੁ ਸਿਫਤਿ ਸਲਾਹ ਹੈ ਗੁਰਮੁਖਿ ਬੂਝੈ ਕੋਇ।।**'

ਸ੍ਰੀ ਗੁਰੂ ਰਾਮਦਾਸ ਸਾਹਿਬ ਵੀ ਹਰ ਵਕਤ, ਸੌਂਦਿਆ, ਜਾਗਦਿਆਂ, ਪ੍ਰਭੂ ਦੀ ਸਿਫ਼ਤ ਸਲਾਹ, ਇਸ 'ਵਾਹ ਵਾਹ..' ਦੀ ਧੁਨੀ ਦਾ ਉਚਾਰਣ ਕਰਣ ਰਾਹੀਂ, ਕਰਣ ਦਾ ਉਪਦੇਸ਼ ਦਿੰਦੇ ਹਨ ਅਤੇ ਜੋ ਇਸ ਤਰ੍ਹਾਂ ਨਿਤ ਉਠ ਕੇ, ਉਸ ਨੂੰ ਇਹ ਧੁਨੀ ਲਾ ਕੇ ਹਿਰਦੇ ਵਿਚ ਸਮਾਲਦੇ, ਚਿਤਾਰਦੇ, ਯਾਦ ਕਰਦੇ, ਭਾਵ ਸਿਮਰਣ ਕਰਦੇ ਹਨ, ਉਨ੍ਹਾਂ ਦੇ ਹੀ, ਉਸ ਵਾਹਿਗੁਰੂ ਦੇ ਦਰਬਾਰ ਵਿਚ, ਮੁਖ ਉਜਲੇ ਹੁੰਦੇ ਹਨ, ਭਾਵ, ਉਹੀ ਉਥੇ ਸੋਭਾ ਪਾਉਂਦੇ ਹਨ - '**ਸਉਦੇ ਵਾਹੁ ਵਾਹੁ ਉਚਰਹਿ ਉਠਦੇ ਭੀ ਵਾਹੁ ਕਰੇਨਿ।। ਨਾਨਕ ਤੇ ਮੁਖ ਉਜਲੇ ਜਿ ਨਿਤ ਉਠਿ ਸੰਮਾਲੇਨਿ।।**' ਸ੍ਰੀ ਗੁਰੂ ਅਮਰਦਾਸ ਪਾਤਸ਼ਾਹ ਵੀ ਫੁਰਮਾਣ ਕਰਦੇ ਹਨ ਕਿ ਵਡੇ ਭਾਗਾਂ ਨਾਲ ਹੀ ਵਾਹ ਵਾਹ.. ਰੂਪੀ ਸਿਫ਼ਤ ਸਲਾਹ ਪ੍ਰਾਪਤ ਹੁੰਦੀ ਹੈ ਅਤੇ ਉਹੀ ਮਨੁਖ ਸੁੰਦਰ ਹਨ, ਜੋ 'ਵਾਹ ਵਾਹ..', ਭਾਵ, ਜੋ ਵਾਹਗੁਰੂ ਵਾਹਗੁਰੂ.. ਕਰਕੇ ਨਾਮ ਜਪਦੇ ਹਨ - 'ਵਡਭਾਗੀਆ ਵਾਹੁ ਵਾਹੁ ਮੁਹਹੁ ਕਢਾਈ।। ਵਾਹੁ ਵਾਹੁ ਕਰਹਿ ਸੇਈ ਜਨ ਸੋਹਣੇ ਤਿਨ੍ ਕਉ ਪਰਜਾ ਪੂਜਣ ਆਈ।।', ਪੰਨਾ ੫੧੪. **ਇਨ੍ਹਾਂ ਪੰਕਤੀਆਂ ਵਿਚ 'ਵਾਹ', ਪ੍ਰਾਪਤੀ ਦਾ ਮਾਰਗ ਹੈ।** ਇਸ ਤੋਂ ਪਹਿਲਾਂ 'ਵਾਹ' ਦਾ, ਗੁਰੂ, ਬ੍ਰਹਮ, ਪ੍ਰਭੂ ਵਜੋਂ ਬਿਆਨ ਆ ਚੁਕਿਆ ਹੈ।

ਵਾਹੁ ਵਾਹੁ ਕਰਮੀ ਪਾਈਐ ਆਪਿ ਦਇਆ ਕਰਿ ਦੇਇ ॥

ਨਾਨਕ ਵਾਹੁ ਵਾਹੁ ਗੁਰਮੁਖਿ ਪਾਈਐ ਅਨਦਿਨੁ ਨਾਮੁ ਲਏਇ ॥੧॥

-- ਇਹ ਵਾਹ ਵਾਹ.. ਕਰਣ ਦੀ, ਭਾਵ ਸਿਫ਼ਤ ਸਲਾਹ ਰੂਪੀ ਨਾਮ

ਦੀ ਪ੍ਰਾਪਤੀ, ਬਖਸ਼ਿਸ਼ ਨਾਲ ਹੀ ਹੁੰਦੀ ਹੈ। ਜਿਸ ਤੇ ਗੁਰੂ ਆਪ ਦਇਆ ਕਰਕੇ, ਕਿਰਪਾ ਕਰਦਾ ਹੈ, ਉਸੇ ਨੂੰ ਹੀ ਇਹ ਦਾਤ ਬਖ਼ਸ਼ਦਾ ਹੈ।

ਇਹ ਨਾਮ, 'ਵਾਹਗੁਰੂ ਵਾਹਗੁਰੂ ਵਾਹਗੁਰੂ...' ਦਾ ਰਸ ਉਹ ਆਪ ਹੀ ਹੈ ਅਤੇ ਆਪ ਹੀ, ਗੁਰੂ ਦੀ ਬਖਸ਼ਿਸ਼ ਪ੍ਰਾਪਤ ਮਨੁਖ ਨੂੰ, ਦਇਆ ਕਰ ਕੇ ਦੇ ਦੇਵੇ, ਉਸੇ ਨੂੰ ਹੀ ਇਹ ਅੰਮ੍ਰਿਤ, ਮੁਖ ਅੰਦਰ, ਪ੍ਰਾਪਤ ਹੋ ਜਾਂਦਾ ਹੈ, ਆਪ ਮੁਹਾਰਾ, ਚੋਅ ਪੈਂਦਾ ਹੈ - 'ਹਰਿ ਹਰਿ ਹਰਿ ਰਸੁ ਆਪਿ ਹੈ ਆਪੇ ਹਰਿ ਰਸੁ ਹੋਇ।। ਆਪਿ ਦਇਆ ਕਰਿ ਦੇਵਸੀ ਗੁਰਮੁਖਿ ਅੰਮ੍ਰਿਤੁ ਚੋਇ।।'

-- ਤੀਜੇ ਨਾਨਕ ਫ਼ੁਰਮਾਣ ਕਰਦੇ ਹਨ ਕਿ ਵਾਹ ਵਾਹ.. ਰੂਪੀ ਸਿਫ਼ਤ ਸਲਾਹ, ਗੁਰੂ-ਅਨੁਸਾਰੀ ਹੋ ਕੇ ਹੀ ਪ੍ਰਾਪਤ ਹੁੰਦੀ ਹੈ। ਉਹੀ ਮਨੁਖ, ਦਿਨ ਰਾਤ ਵਾਹਗੁਰੂ ਵਾਹਗੁਰੂ.. ਕਰਦਾ ਹੈ ਭਾਵ ਨਾਮ ਜਪ ਸਕਦਾ ਹੈ ਜੋ ਗੁਰੂ ਦੇ ਆਖੇ ਲਗਦਾ ਹੈ, ਹਰ ਕੋਈ ਨਹੀਂ।੧।

ਜੋ ਮਨੁਖ, ਗੁਰੂ ਅਨੁਸਾਰੀ ਹੋ ਜਾਂਦੇ ਹਨ, ਉਹੀ, ਸਦਾ, ਇਹ 'ਵਾਹ ਵਾਹ..' ਸਿਮਰਣ ਕਰ ਸਕਦੇ ਹਨ। ਆਪਣੀ ਅਕਲ ਨਾਲ, ਚਲਣ ਵਾਲੇ, ਮਾਇਆ ਰੂਪ ਜ਼ਹਿਰ ਹੀ ਖਾ ਕੇ, ਆਤਮਕ ਮੌਤ ਮਰਦੇ ਹਨ। ਸ੍ਰੀ ਗੁਰੂ ਅਮਰਦਾਸ ਸਾਹਿਬ ਨੇ, ਪੰਨਾ ੫੧੫ ਤੇ, ਫ਼ੁਰਮਾਣ ਕੀਤਾ ਹੈ - 'ਵਾਹੁ ਵਾਹੁ ਗੁਰਮੁਖ ਸਦਾ ਕਰਹਿ ਮਨਮੁਖ ਮਰਹਿ ਬਿਖੁ ਖਾਇ।।'



3.10.2020